# ਛੋਟ ਸਬੰਧੀ ਯੋਗਤਾ

ਵਿਅਕਤੀ ਨੂੰ ਹੇਠਾਂ ਦਿੱਤੀਆਂ ਸਾਰੀਆਂ ਕਸੌਟੀਆਂ ਜ਼ਰੂਰ ਪੂਰੀਆਂ ਕਰਨੀਆਂ ਚਾਹੀਦੀਆਂ ਹਨ:

- RCW 71A.10.020(5) ਅਨੁਸਾਰ DDA ਦਾ ਯੋਗ ਕਲਾਇੰਟ ਹੋਣਾ।
- ਸਮਾਜਕ ਸੁਰੱਖਿਆ ਕਾਨੂੰਨ ਵਿੱਚ ਤੈਅ ਕੀਤੀ ਗਈ ਕਸੌਟੀ ਅਨੁਸਾਰ ਅਸਮਰੱਥਾ (ਅਪੰਗਤਾ) ਹੋਣੀ ਚਾਹੀਦੀ ਹੈ।
- ਲੰਮੀ-ਮਿਆਦ ਦੀਆਂ ਸੰਭਾਲ ਸੇਵਾਵਾਂ/Medicaid ਲਈ ਅਪਲਾਈ ਕਰਨਾ ਅਤੇ ਪੁਸ਼ਟੀਸ਼ੁਦਾ ਆਮਦਨ ਹੋਣੀ ਚਾਹੀਦੀ ਹੈ, ਜੋ ਕਿ SSI ਫ਼ੈਡਰਲ ਲਾਭ ਦੇ ਮਿਆਰ 300% ਤੋਂ ਵੱਧ ਨਾ ਹੋਵੇ।
  - ਜੇ ਬੱਚੇ, ਮਾਤਾ-ਪਿਤਾ ਦੀ ਆਮਦਨ ਅਤੇ ਸ੍ਰੋਤਾਂ ਬਾਰੇ ਨਹੀਂ ਵਿਚਾਰਿਆ ਜਾਂਦਾ।
  - ਜੇ ਇੱਕ ਬਾਲਗ਼ ਆਪਣੇ ਜੀਵਨ-ਸਾਥੀ ਨਾਲ ਰਹਿ ਰਿਹਾ/ਰਹਿ ਰਹੀ, ਤਾਂ ਜੀਵਨ-ਸਾਥੀ ਦੀ ਆਮਦਨ ਅਤੇ ਸ੍ਰੋਤਾਂ ਬਾਰੇ ਨਹੀਂ ਵਿਚਾਰਿਆ ਜਾਂਦਾ।
- $2,000 ਤੋਂ ਘੱਟ ਸ੍ਰੋਤ ਹੋਣ ਜਾਂ ਅਸਮਰੱਥ (ਅਪਾਹਜ) ਵਰਕਰਾਂ ਬਾਰੇ ਪ੍ਰੋਗਰਾਮ ਲਈ Apple Health ਵਿੱਚ ਹੋਣਾ।
- DDA ਮੁਲਾਂਕਣ ਵਿੱਚ ਨਿਰਧਾਰਤ ਕੀਤੇ ਗਏ ਅਨੁਸਾਰ ਬੌਧਿਕ ਅਸਮਰੱਥਾ ਵਾਲੇ ਵਿਅਕਤੀਆਂ ਲਈ ਵਿਚਕਾਰਲੇ ਸਮੇਂ ਵਿੱਚ ਦੇਖਭਾਲ ਸਬੰਧੀ ਸਹੂਲਤ ਵਿੱਚ ਉਪਲਬਧ ਕਰਾਏ ਗਏ ਸੰਭਾਲ ਦੇ ਪੱਧਰ ਨੂੰ ਪੂਰਾ ਕਰਦਾ/ਕਰਦੀ ਹੈ।
- ਇੱਕ ਵਿਅਕਤੀ ਦੀ ਨਿਜੀ ਲੋੜ ਨੂੰ ਧਿਆਨ ਵਿੱਚ ਰੱਖਕੇ ਬਣਾਈ ਗਈ ਸੇਵਾ ਦੇ ਪਲਾਨ ਤੋਂ ਪਤਾ ਚੱਲਦਾ ਹੈ ਕਿ ਮਹੀਨੇਵਾਰ ਛੋਟ ਅਤੇ/ਜਾਂ ਮਹੀਨੇਵਾਰ ਨਿਗਰਾਨੀ ਨਾਲ ਭਾਈਚਾਰੇ ਵਿੱਚ ਸਿਹਤ, ਸੁਰੱਖਿਆ ਅਤੇ ਹੈਬਿਲੀਟੇਸ਼ਨ (ਰੋਜ਼ ਦੇ ਰਹਿਣ-ਸਹਿਣ ਲਈ ਮੁਹਾਰਤਾਂ ਅਤੇ ਕੰਮ ਕਰਨ ਦੀ ਸਮਰੱਥਾ ਵਿੱਚ ਸੁਧਾਰ) ਸਬੰਧੀ ਜ਼ਰੂਰਤਾਂ ਕਿਵੇਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।
- ICF/IID ਤੋਂ ਛੁੱਟ ਘਰੇਲੂ ਅਤੇ ਭਾਈਚਾਰੇ-ਅਧਾਰਿਤ ਸੇਵਾਵਾਂ ਪ੍ਰਵਾਣ ਕਰਨ ਲਈ ਸਹਿਮਤ ਹੋਣਾ।
- ਸਿਰਫ਼ IFS ਲਈ, ਵਿਅਕਤੀ ਨੂੰ:
  - ਪਰਿਵਾਰਕ ਘਰ ਵਿੱਚ ਜ਼ਰੂਰ ਰਹਿੰਦੇ ਹੋਣਾ ਚਾਹੀਦਾ ਹੈ। ਇਸਦਾ ਮਤਲਬ ਹੈ, ਪਰਿਵਾਰ ਦੇ ਘੱਟੋ-ਘੱਟ ਇੱਕ ਹੋਰ ਮੈਂਬਰ; ਜੀਵਨ-ਸਾਥੀ, ਕੁਦਰਤੀ, ਗੋਦ ਲਿਆ ਹੋਇਆ ਜਾਂ ਮਤਰੇਏ ਮਾਤਾ-ਪਿਤਾ, ਭੈਣ-ਭਰਾ, ਮਤਰੇਏ ਭੈਣ-ਭਰਾ, ਚਾਚੀ/ਤਾਈ/ਮਾਮੀ/ਮਾਸੀ, ਚਾਚਾ/ਤਾਇਆ/ਮਾਮਾ/ਮਾਸੜ, ਦਾਦਾ-ਦਾਦੀ/ਨਾਨਾ-ਨਾਨੀ, ਨਜ਼ਦੀਕੀ ਕਜ਼ਨ, ਭਾਣਜੀ/ਭਣੇਵੀਂ ਜਾਂ ਭਾਣਜੇ/ਭਣੇਵੇਂ ਨਾਲ ਰਹਿਣਾ।

# ਛੋਟ ਤੱਕ ਪਹੁੰਚ


ਇੱਕ ਵਿਅਕਤੀ ਕਿਸੇ ਵੀ ਸਮੇਂ ਛੋਟ ਜਾਂ ਵੱਖ-ਵੱਖ ਛੋਟ ਬਾਰੇ ਰਜਿਸਟ੍ਰੇਸ਼ਨ ਕਰਨ ਲਈ ਬੇਨਤੀ ਕਰ ਸਕਦਾ ਹੈ। ਕੇਸ ਦੇ ਸ੍ਰੋਤ ਮੈਨੇਜਰ ਨੂੰ ਪੁੱਛੋ। ਜੇ ਇੱਕ ਵਿਅਕਤੀ ਦੇ ਕੇਸ ਦਾ ਸ੍ਰੋਤ ਮੈਨੇਜਰ (CRM) ਨਹੀਂ ਹੈ, ਤਾਂ ਇਲਾਕਾਈ ਦਫ਼ਤਰਾਂ ਹੇਠ ਦਿੱਤੀ ਗਈ ਬਿਨਾ ਭੁਗਤਾਨ ਵਾਲੀ ਸਥਾਨਕ ਲਾਈਨ 'ਤੇ ਇੱਕ ਸੁਨੇਹਾ ਛੱਡੋ ਜਾਂ www.dshs.wa.gov/dda/service-and-information-request 'ਤੇ ਔਨਲਾਈਨ ਬੇਨਤੀ ਸਬਮਿਟ ਕਰੋ।

ਛੋਟ ਸਬੰਧੀ ਸੇਵਾਵਾਂ ਤੱਕ ਪਹੁੰਚ, ਛੋਟ ਲਈ ਸੇਵਾ ਦੀ ਕਸੌਟੀ ਪੂਰੀ ਕਰਨ ਦੀ ਗਰੰਟੀ ਨਹੀਂ ਦਿੰਦੀ। ਹਰ ਇੱਕ ਕੁਝ ਲੋਕਾਂ ਤੱਕ ਸੀਮਤ ਹੈ, ਜਿਹਨਾਂ ਨੂੰ ਛੋਟ ਦਿੱਤੀ ਜਾ ਸਕਦੀ ਹੈ। ਛੋਟ ਵਿੱਚ ਨਵੇਂ ਹਿੱਸਾ ਲੈਣ ਵਾਲਿਆਂ ਲਈ ਰਕਮਾਂ ਦੀ ਉਪਲਬਧਤਾ ਨੂੰ ਵੇਖਦਿਆਂ, DDA ਨੂੰ ਰਜਿਸਟ੍ਰੇਸ਼ਨ ਨੂੰ ਸੀਮਤ ਕਰਨ ਦਾ ਅਖ਼ਤਿਆਰ ਹੈ।

# ਪ੍ਰਸ਼ਾਸਨੀ ਸੁਣਵਾਈ ਸਬੰਧੀ ਹੱਕ

ਪ੍ਰੋਗਰਾਮ ਜਾਂ ਸੇਵਾ ਨੂੰ ਧਿਆਨ ਵਿੱਚ ਰੱਖੇ ਬਿਨਾ, ਲੋਕਾਂ ਨੂੰ ਹੇਠਾਂ ਦਿੱਤੇ ਫ਼ੈਸਲਿਆਂ ਵਿੱਚੋਂ ਕਿਸੇ ਲਈ ਵੀ ਪ੍ਰਸ਼ਾਸਨੀ ਸੁਣਵਾਈ ਦਾ ਹੱਕ ਹੈ:

- DDA ਯੋਗਤਾ ਖ਼ਾਰਜ ਕਰ ਦਿੱਤੀ ਗਈ ਹੈ, ਖ਼ਤਮ ਕਰ ਦਿੱਤੀ ਗਈ ਹੈ ਜਾਂ DDA ਨੇ ਬਿਨਾ ਕਿਸੇ ਕਾਰਣ ਅਰਜ਼ੀ 'ਤੇ ਕਾਰਵਾਈ ਕਰਨ ਵਿੱਚ ਦੇਰ ਕੀਤੀ ਹੈ; ਜਾਂ
- ਪ੍ਰਾਪਤ ਕਰਨ ਲਈ ਅਖ਼ਤਿਆਰਪ੍ਰਾਪਤ ਸੇਵਾ ਦੀ ਕਿਸਮ ਜਾਂ ਰਕਮ; ਜਾਂ
- ਸੇਵਾਵਾਂ ਖ਼ਾਰਜ ਕਰਨੀਆਂ, ਘਟਾਉਣੀਆਂ ਜਾਂ ਖ਼ਤਮ ਕਰਨੀਆਂ; ਜਾਂ
- ਮਨਪਸੰਦ ਸੇਵਾ ਪ੍ਰੋਵਾਈਡਰ ਦੇਣ ਤੋਂ ਮਨ੍ਹਾ ਕਰਨਾ; ਜਾਂ
- ਕਿ ਵਿਅਕਤੀ ਨੂੰ ਇੱਕ ਵੱਖਰੀ ਸੈਟਿੰਗ ਵਿੱਚ ਭੇਜਣਾ, ਜੋ ਕਿ ਉਸਦੀ ਪਸੰਦ ਦੀ ਨਹੀਂ ਹੈ; ਜਾਂ
- DDA ਵਲੋਂ ਕਿਸੇ ਹੋਰ ਵਿਅਕਤੀ ਨੂੰ ਨੋਟਿਸ ਨਾ ਭੇਜਣ ਦੀ ਬੇਨਤੀ ਮੰਨਣ ਤੋਂ ਮਨ੍ਹਾ ਕਰਨਾ; ਜਾਂ
- ਛੋਟ ਸਬੰਧੀ ਪ੍ਰੋਗਰਾਮ ਤੋਂ ਰਜਿਸਟ੍ਰੇਸ਼ਨ ਰੱਦ ਕਰਨੀ; ਜਾਂ
- ਛੋਟ ਸਬੰਧੀ ਸੇਵਾਵਾਂ ਦੀ ਥਾਂ ICF/IID ਸੇਵਾਵਾਂ ਲੈਣ ਦੀ ਬੇਨਤੀ ਨੂੰ ਖ਼ਾਰਜ ਕਰਨਾ; ਜਾਂ
- DDA ਮੌਜੂਦਾ ਛੋਟ 'ਤੇ ਉਪਲਬਧ ਉਹਨਾਂ ਸੇਵਾਵਾਂ ਬਾਰੇ ਫ਼ੈਸਲਾ ਕਰਦਾ ਹੈ, ਜੋ ਸਿਹਤ ਅਤੇ ਭਲਾਈ ਜ਼ਰੂਰਤਾਂ ਪੂਰੀਆਂ ਕਰ ਸਕਦਾ ਹੈ ਅਤੇ ਵਿਅਕਤੀ ਸਹਿਮਤ ਨਹੀਂ ਹੈ; ਜਾਂ
- ਇੱਕ ਵਿਅਕਤੀ ਨੂੰ ਸੰਭਾਲ ਦੇ ICF/IID ਪੱਧਰ ਦੀ ਲੋੜ ਨਹੀਂ ਹੈ, ਦਾ ਮੁਲਾਂਕਣ ਕੀਤਾ ਗਿਆ ਹੈ; ਜਾਂ
- ਇੱਕ ਵਿਅਕਤੀ CIIBS ਯੋਗਤਾ ਪੂਰੀ ਨਹੀਂ ਕਰਦਾ, ਦਾ ਮੁਲਾਂਕਣ ਕੀਤਾ ਗਿਆ ਹੈ।




ਸਾਡੇ ਤੱਕ:
*dshs.wa.gov/dda/service-and-information-request* 'ਤੇ ਔਨਲਾਈਨ ਪਹੁੰਚੋ।

ਇੱਕ ਦਫ਼ਤਰ ਦਾ:
*dshs.wa.gov/DDA/dda/ find-an-office* 'ਤੇ ਪਤਾ ਲਾਓ।

ਸਾਨੂੰ ਕਾੱਲ ਕਰੋ:

| ਕਾਉਂਟੀਆਂ | ਫੋਨ ਅਤੇ ਈਮੇਲ |
|---|---|
| ਸ਼ੇਲਾਨ, ਡਗਲਸ, ਫ਼ੈਰੀ, ਗ੍ਰਾਂਟ, ਲਿੰਕਨ, ਓਕੈਨੋਗੈਨ, ਪੈਂਡ ਓਰੀਲ, ਸਪੋਕੇਨ, ਸਟੀਵਨਸ | (800) 319-7116<br>R1ServiceRequestA@dshs.wa.gov |
| ਐਡਮਸ, ਐਸੋਟਿਨ, ਬੈਂਟਨ, ਕੋਲੰਬੀਆ, ਫ਼੍ਰੈਂਕਲਿਨ, ਗਾਰਫ਼ੀਲਡ, ਕਿਟਿਟਾਸ, ਕਲਿੱਕਿਟੈਟ, ਵਾਲਾ ਵਾਲਾ, ਵਿਟਮੈਨ, ਯਾਕੀਮਾ | (866) 715-3646<br>R1ServiceRequestB@dshs.wa.gov |
| ਆਈਲੈਂਡ, ਸਾਨ ਹੁਆਨ, ਸਕੈਗਿਟ, ਸਨੋਹੋਮਿਸ਼, ਵਾੱਟਕੌਮ | (800) 567-5582<br>R2ServiceRequestA@dshs.wa.gov |
| ਕਿੰਗ | (800) 974-4428<br>R2ServiceRequestB@dshs.wa.gov |
| ਕਿਟਸੈਪ, ਪਿਅਰਸ | (800) 735-6740<br>R3ServiceRequestA@dshs.wa.gov |
| ਕਲੈਲਮ, ਕਲਾਰਕ, ਕੋਲਿਟਜ਼, ਗ੍ਰੇਅਜ਼ ਹਾਰਬਰ, ਜੈਫ਼ਰਸਨ, ਲੁਇਸ, ਮੈਸਨ, ਪੈਸੀਫ਼ਿਕ, ਸਕੈਮੈਨੀਆ, ਥਰਸਟਨ, ਵਾਹਕਿਆਕਮ | (888) 707-1202<br>R3ServiceRequestB@dshs.wa.gov |

*ਸੁਣਨ ਜਾਂ ਗੱਲਬਾਤ ਕਰਨ ਵਿੱਚ ਮਦਦ ਲੋੜੀਂਦੇ ਲੋਕ 7-1-1 ਜਾਂ 1-800-833-6388 (TTY) 'ਤੇ ਡਾਇਲ ਕਰਕੇ ਵਾੱਸ਼ਿੰਗਟਨ ਟੈਲੀਕਮਿਉਨੀਕੇਸ਼ਨ ਰਿਲੇ ਸਰਵਿਸ ਨੂੰ ਕਾੱਲ ਕਰ ਸਕਦੇ ਹੋ।*


Washington State
Department of Social & Health Services
*Transforming lives*

DSHS 22-1758 PJ (Rev. 10/20) Punjabi


# ਨਿਜੀ ਅਤੇ ਪਰਿਵਾਰ ਸਬੰਧੀ ਸੇਵਾਵਾਂ ਦੀ ਛੋਟ

## ਵਿਕਾਸ ਸਬੰਧੀ ਅਸਮਰੱਥਾ (ਅਪੰਗਤਾ) ਬਾਰੇ ਪ੍ਰਸ਼ਾਸਨ ਤੋਂ




Washington State
Department of Social & Health Services
*Transforming lives*

# ਛੋਟ ਸਬੰਧੀ ਸਾਰ

ਵਾੱਸ਼ਿੰਗਟਨ ਸਟੇਟ ਦੇ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਮਹਿਕਮੇ ਦੇ ਵਿਕਾਸ ਸਬੰਧੀ ਅਸਮਰੱਥਾ (ਅਪੰਗਤਾ) ਬਾਰੇ ਪ੍ਰਸ਼ਾਸਨ ਦੇ ਘਰੇਲੂ ਅਤੇ ਭਾਈਚਾਰੇ ਅਧਾਰਿਤ ਸੇਵਾ Medicaid ਛੋਟ ਦੇ ਪੰਜ ਪ੍ਰੋਗਰਾਮ ਹਨ। ਇੱਕ ਸੰਸਥਾ ਦੇ ਉਲਟ, ਹਰ ਇੱਕ ਛੋਟ ਭਾਈਚਾਰੇ ਵਿੱਚ ਕਿਸੇ ਵਿਅਕਤੀ ਦੀ ਸਿਹਤ ਅਤੇ ਸੁਰੱਖਿਆ ਜ਼ਰੂਰਤਾਂ ਪੂਰੀਆਂ ਕਰਨ ਲਈ ਖ਼ਾਸ ਸੇਵਾਵਾਂ ਦਿੰਦੀ ਹੈ। ਜਦੋਂ ਕਿਸੇ ਹੋਰ ਸ੍ਰੋਤ (ਪ੍ਰਾਈਵੇਟ ਬੀਮਾ, Medicaid, ਸਕੂਲ ਆਦਿ) ਰਾਹੀਂ ਸੇਵਾਵਾਂ ਉਪਲਬਧ ਨਹੀਂ ਹੁੰਦੀਆਂ, ਤਾਂ ਵਿਅਕਤੀਗਤ ਅਤੇ ਪਰਿਵਾਰਕ ਸੇਵਾਵਾਂ ਛੋਟ ਸਬੰਧੀ ਕਈ ਸੇਵਾਵਾਂ ਦਿੰਦੀਆਂ ਹਨ।

**ਵਿਅਕਤੀਗਤ ਅਤੇ ਪਰਿਵਾਰਕ ਸੇਵਾਵਾਂ ਸਬੰਧੀ ਛੋਟ** ਉਹਨਾਂ ਲੋਕਾਂ ਦੀ ਮਦਦ ਕਰਦੀ ਹੈ, ਜਿਹਨਾਂ ਨੂੰ ਪਰਿਵਾਰਕ ਘਰ ਵਿੱਚ ਰਹਿਕੇ ਹੀ ਛੋਟ ਸੇਵਾਵਾਂ ਚਾਹੀਦੀਆਂ ਹਨ। ਲੋਕਾਂ ਨੂੰ ਪਰਿਵਾਰ ਦੇ ਮੈਂਬਰ ਨਾਲ ਜ਼ਰੂਰ ਰਹਿਣਾ ਚਾਹੀਦਾ ਹੈ। ਇਹ ਸੇਵਾਵਾਂ ਸਲਾਨਾ ਰਾਖਵੀਂ ਰਕਮ ਤੱਕ ਹੀ ਸੀਮਤ ਹਨ, ਜਿਹਨਾਂ ਨੂੰ DDA ਮੁਲਾਂਕਣ ਰਾਹੀਂ ($1,200; $1,800; $2,400; ਜਾਂ $3,600) ਤੈਅ ਕੀਤਾ ਜਾਂਦਾ ਹੈ।

ਜੇ ਸੇਵਾਵਾਂ ਲਈ ਮੁਲਾਂਕਣ ਕੀਤੀ ਗਈ ਲੋੜ IFS ਛੋਟ ਹੇਠ ਉਪਲਬਧ ਕਰਾਈ ਗਈ ਸੇਵਾ ਦੇ ਦਾਇਰੇ ਤੋਂ ਵਧ ਜਾਂਦੀ ਹੈ, ਤਾਂ DDA ਸਿਹਤ ਅਤੇ ਭਲਾਈ ਜ਼ਰੂਰਤਾਂ ਪੂਰੀਆਂ ਕਰਨ ਲਈ ਹੇਠਾਂ ਦਿੱਤੀਆਂ ਇੱਕ ਜਾਂ ਵੱਧ ਕਾਰਵਾਈਆਂ ਕਰੇਗਾ:

- ਹੋਰ ਉਪਲਬਧ ਕੁਦਰਤੀ ਸਹਾਇਤਾ ਦੀ ਪਛਾਣ ਕਰਨਾ;
- ਉਪਲਬਧ ਬਿਨਾ ਛੋਟ ਵਾਲੀਆਂ ਸੇਵਾਵਾਂ, ਜੋ ਕੁਦਰਤੀ ਸਹਾਇਤਾ ਤੋਂ ਛੁੱਟ IFS ਛੋਟ ਵਿੱਚ ਸ਼ਾਮਿਲ ਨਹੀਂ ਹੁੰਦੀਆਂ, ਤੱਕ ਪਹੁੰਚ ਕਰਨ ਲਈ ਨੇਮ ਵਿੱਚ ਛੋਟ ਸ਼ੁਰੂ ਕਰਨੀ;
- ਬਦਲਵੀਂ ਛੋਟ ਲਈ ਅਰਜ਼ੀ ਦੀ ਪੇਸ਼ਕਸ਼ ਕਰਨਾ, ਜਿਸ ਵਿੱਚ ਜ਼ਰੂਰੀ ਸੇਵਾਵਾਂ ਹੋਣ;
- ਬੌਧਿਕ ਅਸਮਰੱਥਾ ਵਾਲੇ ਲੋਕਾਂ ਲਈ ਵਿਚਕਾਰਲੇ ਸਮੇਂ ਲਈ ਸੰਭਾਲ ਸਹੂਲਤ ਵਿੱਚ ਪਲੇਸਮੈਂਟ ਦੀ ਪੇਸ਼ਕਸ਼ ਕਰਨਾ।

ਜੇ ਉੱਪਰ ਦਿੱਤੇ ਵਿਕਲਪਾਂ ਵਿੱਚੋਂ ਕੋਈ ਵੀ ਸਿਹਤ ਅਤੇ ਭਲਾਈ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਕਾਮਯਾਬ ਨਹੀਂ ਹੈ, ਤਾਂ DDA ਛੋਟ ਸਬੰਧੀ ਯੋਗਤਾ ਨੂੰ ਖ਼ਤਮ ਕਰ ਸਕਦਾ ਹੈ। ਜੇ ਛੋਟ ਤੋਂ ਹਟਾ ਦਿੱਤਾ ਜਾਂਦਾ ਹੈ, ਤਾਂ ਲੋਕ ਹੋਰ ਬਿਨਾ ਛੋਟ ਵਾਲੀਆਂ DDA ਸੇਵਾਵਾਂ ਲਈ ਯੋਗ ਹੋ ਸਕਦੇ ਹਨ।

# ਛੋਟ ਸਬੰਧੀ ਸੇਵਾਵਾਂ

ਵਿਅਕਤੀ ਦੇ ਸਲਾਨਾ ਮੁਲਾਂਕਣ ਦੇ ਪਲਾਨ ਲਈ ਇਸ ਬ੍ਰੋਸ਼ਰ ਦੀ ਵਰਤੋਂ ਕਰੋ। ਕੇਸ ਦਾ ਸ੍ਰੋਤ ਮੈਨੇਜਰ, ਵਿਅਕਤੀ ਨੂੰ ਧਿਆਨ ਵਿੱਚ ਰੱਖਕੇ ਬਣਾਏ ਗਏ ਪਲਾਨ ਵਿੱਚ ਚੁਣੀਆਂ ਗਈਆਂ ਸੇਵਾਵਾਂ ਅਤੇ ਜ਼ਰੂਰਤਾਂ ਅਤੇ ਦਸਤਾਵੇਜ਼ੀ ਸੇਵਾਵਾਂ ਬਾਰੇ ਸਮਝਾਏਗਾ। ਕੁਝ ਸੇਵਾਵਾਂ ਲਈ ਪਹਿਲਾਂ ਤੋਂ ਜਾਇਜ਼ੇ ਅਤੇ ਮੰਜ਼ੂਰੀ ਦੀ ਲੋੜ ਪੈਂਦੀ ਹੈ; ਉਹਨਾਂ ਦੇ CRM ਨੂੰ ਪੁੱਛੋ ਕਿ ਕਿਹੜੀ ਜਾਣਕਾਰੀ ਚਾਹੀਦੀ ਹੈ। ਉਮਰ *ਦੀ ਸੀਮਾ* ਵਾਲੀਆਂ ਚਾਰ ਸ਼੍ਰੇਣੀਆਂ ਵਿਚਲੀਆਂ ਸੇਵਾਵਾਂ ਵਿੱਚ ਸ਼ਾਮਿਲ ਹਨ:

- *ਭਾਈਚਾਰਕ ਸੇਵਾਵਾਂ* – ਭਾਈਚਾਰੇ ਵਿੱਚ ਕਲਾਇੰਟ ਦੀ ਹਿੱਸੇਦਾਰੀ ਅਤੇ ਏਕੀਕਰਣ ਨੂੰ ਉਤਸਾਹ ਦੇਣਾ
- *ਪੇਸ਼ੇਵਾਰਾਨਾ ਸੇਵਾਵਾਂ* – ਇਕਰਾਰਨਾਮੇ ਵਾਲੇ ਪੇਸ਼ੇਵਰਾਂ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਵਿੱਚ ਮਦਦ ਕਰਨਾ
- *ਕੇਅਰਗਿਵਰ ਸੇਵਾਵਾਂ* – ਹਿੱਸਾ ਲੈਣ ਵਾਲਿਆਂ ਅਤੇ ਉਹਨਾਂ ਦੇ ਕੇਅਰਗਿਵਰਾਂ ਲਈ ਸਹਾਇਤਾ
- *ਵਸਤਾਂ ਅਤੇ ਸੇਵਾਵਾਂ* – ਹਿੱਸਾ ਲੈਣ ਵਾਲਿਆਂ ਲਈ ਉਪਕਰਣ, ਸਪਲਾਈਆਂ ਅਤੇ ਵਿਸ਼ੇਸ਼ ਸੇਵਾਵਾਂ

***CRM ਨੂੰ ਇਹ ਦਰਸਾਉਣ ਲਈ ਖਾਨਿਆਂ 'ਤੇ ਨਿਸ਼ਾਨ ਲਾਓ ਕਿ ਕਿਹੜੀਆਂ ਸੇਵਾਵਾਂ ਵਿੱਚ ਦਿਲਚਸਪੀ ਹੈ:***

## ਭਾਈਚਾਰਕ ਸੇਵਾਵਾਂ

☐ **ਭਾਈਚਾਰੇ ਵਿੱਚ ਸ਼ਮੂਲੀਅਤ** – ਭਾਈਚਾਰਕ ਸਹਾਇਤਾ ਵਿੱਚ ਸਬੰਧ ਅਤੇ ਸ਼ਮੂਲੀਅਤ ਵਧਾਉਣ ਲਈ ਸੇਵਾਵਾਂ।

☐ **ਆਪਣੇ ਨਾਲ ਕੰਮ ਕਰਨ ਵਾਲਿਆਂ ਨੂੰ ਸਲਾਹ ਦੇਣੀ** – ਲੋਕਾਂ ਅਤੇ ਪਰਿਵਾਰ ਨੂੰ ਸਹਾਇਤਾ ਅਤੇ ਸੇਧ ਦੇਣ ਲਈ ਨਿਜੀ ਅਨੁਭਵਾਂ ਦੀ ਵਰਤੋਂ ਕਰਨੀ।

☐ **ਵਿਅਕਤੀ ਨੂੰ ਧਿਆਨ ਵਿੱਚ ਰੱਖਕੇ ਬਣਾਏ ਗਏ ਪਲਾਨ ਵਿੱਚ ਮਦਦ ਕਰਨੀ** – ਨਿਜੀ ਸਵੈ-ਨਿਰਣਾ ਵਧਾਉਣ ਅਤੇ ਕਾਰਜ-ਯੋਜਨਾ ਬਣਾਉਣ ਲਈ ਜ਼ਿੰਦਗੀ ਦੀ ਵਿਉਂਤਬੰਦੀ ਸਬੰਧੀ ਅਮਲ।

☐ **ਟ੍ਰਾਂਸਪੋਰਟੇਸ਼ਨ** – PCSP ਵਿੱਚ ਦਿੱਤੀਆਂ ਗਈਆਂ ਸੇਵਾਵਾਂ ਛੋਟ ਸਬੰਧੀ ਸੇਵਾਵਾਂ ਤੱਕ ਪਹੁੰਚ ਕਰਨ ਲਈ ਲੋੜੀਂਦੀ ਬਿਨਾ ਮੈਡੀਕਲ ਵਾਲੀ ਟ੍ਰਾਂਸਪੋਰਟੇਸ਼ਨ ਲਈ ਪ੍ਰੋਵਾਈਡਰ ਵਲੋਂ ਕੀਤੇ ਗਏ ਖ਼ਰਚੇ ਵਾਪਸ ਲੈਣੇ।

## ਪੇਸ਼ੇਵਰ ਸੇਵਾਵਾਂ

☐ **ਸਾਵਾਂ ਕਰਨ ਵਾਲੀਆਂ ਸੇਵਾਵਾਂ** – ਵਿਹਾਰ ਸਬੰਧੀ ਸਿਹਤ ਸੰਕਟ ਦਾ ਸਾਹਮਣਾ ਕਰਨ ਵੇਲੇ ਵਿਅਕਤੀ ਨੂੰ ਮਦਦ ਅਤੇ ਆਸਰਾ ਦੇਣ ਸਬੰਧੀ ਸੇਵਾਵਾਂ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਹੈਬਿਲੀਟੇਸ਼ਨ, ਸਟਾਫ਼/ਪਰਿਵਾਰ ਨਾਲ ਸਲਾਹ-ਮਸ਼ਵਰਾ ਅਤੇ ਸੰਕਟ ਤੋਂ ਧਿਆਨ ਹਟਾਉਣ ਲਈ ਪ੍ਰੋਵਾਈਡਰ ਵਲੋਂ ਦਿੱਤੀ ਜਾਂਦੀ ਸੇਵਾ।

☐ **ਉਸਾਰੂ ਵਿਹਾਰ ਸਬੰਧੀ ਸਹਾਇਤਾ ਅਤੇ ਸਲਾਹ-ਮਸ਼ਵਰਾ** – ਸਹਾਇਤਾ, ਜੋ ਵਿਹਾਰ ਸਬੰਧੀ ਸਿਹਤ ਜ਼ਰੂਰਤਾਂ ਦਾ ਮੁਲਾਂਕਣ ਕਰਨਾ ਅਤੇ ਇਹਨਾਂ ਨਾਲ ਨਜਿੱਠਦੀ ਹੈ। ਇਹਨਾਂ ਵਿੱਚ ਜ਼ਿੰਦਗੀ ਦੇ ਮਿਆਰ ਨੂੰ ਸੁਧਾਰਣ ਅਤੇ ਭਾਈਚਾਰੇ ਦੀ ਸ਼ਮੂਲੀਅਤ ਲਈ ਸਾਲਸੀਆਂ ਸ਼ਾਮਿਲ ਹਨ। *0-20*

☐ **ਜੋਖਮ ਸਬੰਧੀ ਮੁਲਾਂਕਣ** – ਮਨੋਚਿਕਿਤਸਾ ਸਬੰਧੀ, ਮੈਡੀਕਲ ਜਾਂ ਥਿਰੈਪਟਿਕ ਸੇਵਾਵਾਂ ਲਈ ਜ਼ਰੂਰਤ ਦਾ ਫ਼ੈਸਲਾ ਕਰਨ ਵਾਸਤੇ ਹਿੰਸਕ, ਪਿੱਛਾ ਕਰਨ, ਜਿਨਸੀ ਤੌਰ 'ਤੇ ਹਿੰਸਕ ਜਾਂ ਲੁੱਟ-ਖੋਹ ਕਰਨ ਵਾਲੇ ਵਿਹਾਰ ਦਾ ਮੁਲਾਂਕਣ ਕਰਨਾ।

☐ **ਵਿਸ਼ੇਸ਼ ਤੌਰ 'ਤੇ ਹੈਬਿਲੀਟੇਸ਼ਨ** – ਜ਼ਿੰਦਗੀ ਦੀਆਂ ਕਈ ਮੁਹਾਰਤਾਂ ਸਿਖਣ ਅਤੇ ਬਣਾਈ ਰੱਖਣ ਲਈ ਵਿਅਕਤੀਗਤ ਸਹਾਇਤਾ ਕਰਨਾ।

☐ **ਸਟਾਫ਼/ਪਰਿਵਾਰ ਨਾਲ ਸਲਾਹ-ਮਸ਼ਵਰਾ** – ਵਿਅਕਤੀ ਦੀਆਂ ਜ਼ਰੂਰਤਾਂ ਬਿਹਤਰ ਢੰਗ ਨਾਲ ਪੂਰੀਆਂ ਕਰਨ ਲਈ ਪਰਿਵਾਰ ਅਤੇ ਸਿੱਧੇ ਸੇਵਾ ਪ੍ਰੋਵਾਈਡਰਾਂ ਲਈ ਪੇਸ਼ੇਵਾਰਾਨਾ ਸਿਖਲਾਈ ਅਤੇ ਸਲਾਹ-ਮਸ਼ਵਰਾ ਕਰਨਾ। ਸਲਾਹਕਾਰੀ ਉਪਲਬਧ ਹੈ।

☐ **ਥੈਰੇਪੀਆਂ** – Medicaid (Apple Health) ਵਲੋਂ ਉਪਲਬਧ ਕਰਾਈਆਂ ਜਾਂਦੀਆਂ ਸੇਵਾਵਾਂ ਤੋਂ ਅਲਾਵਾ ਆੱਕਿਉਪੇਸ਼ਨਲ, ਸਰੀਰਕ ਅਤੇ ਬੋਲਚਾਲ, ਭਾਸ਼ਾ ਅਤੇ ਸੁਣਨ ਸਬੰਧੀ ਸੇਵਾਵਾਂ। *21+*

## ਦੇਖਭਾਲ ਦੇਣ ਵਾਲੀਆਂ ਸੇਵਾਵਾਂ

☐ **ਅਰਾਮ ਕਰਨਾ** – ਉਹਨਾਂ ਲੋਕਾਂ ਨੂੰ ਥੋੜ੍ਹੀ-ਮਿਆਦ ਲਈ ਰਾਹਤ ਦੇਣਾ, ਜੋ ਵਿਕਾਸ ਸਬੰਧੀ ਅਤੇ ਬੌਧਿਕ ਅਸਮਰੱਥਾ ਵਾਲੇ ਵਿਅਕਤੀ ਨਾਲ ਰਹਿੰਦੇ ਹਨ ਅਤੇ ਦੇਖਭਾਲ ਕਰਦੇ ਹਨ।

☐ **ਮੁਹਾਰਤ ਵਾਲੀ ਨਰਸਿੰਗ** – ਪੁਰਾਣੀ, ਲੰਮੀ-ਮਿਆਦ, ਸੇਵਾਵਾਂ ਦੀਆਂ ਉਹ ਜ਼ਰੂਰਤਾਂ, ਜਿਹਨਾਂ ਨੂੰ Medicaid (Apple Care) ਰਾਹੀਂ ਪੂਰਾ ਨਹੀਂ ਕੀਤਾ ਗਿਆ। *21+*

## ਵਸਤਾਂ ਅਤੇ ਸੇਵਾਵਾਂ

☐ **ਸਹਾਇਕ ਤਕਨਾਲੋਜੀ** – ਕਾਰਜ ਕਰਨ ਸਬੰਧੀ ਸਮਰੱਥਾਵਾਂ ਬਿਹਤਰ ਬਣਾਉਣ ਜਾਂ ਬਣਾਈ ਰੱਖਣ ਲਈ ਇਸਤੇਮਾਲ ਕੀਤੇ ਜਾਂਦੇ ਉਤਪਾਦ ਅਤੇ ਸਿਖਲਾਈ।

☐ **ਆਲੇ-ਦੁਆਲੇ ਦੇ ਹਿਸਾਬ ਨਾਲ ਅਨੁਕੂਲ ਬਣਾਉਣਾ** – ਭਾਈਚਾਰੇ ਵਿੱਚ ਲਗਾਤਾਰ ਜ਼ਿੰਦਗੀ ਗੁਜ਼ਾਰਣ ਵਾਸਤੇ ਇੱਕ ਵਿਅਕਤੀ ਲਈ ਜ਼ਰੂਰੀ ਸਰੀਰ ਦੇ ਹਿਸਾਬ ਨਾਲ ਤਰਮੀਮਾਂ।

☐ **ਵਿਸ਼ੇਸ਼ ਕਪੜੇ** – ਅਸਮਰੱਥਾ (ਅਪੰਗਤਾ) ਸਬੰਧੀ ਜ਼ਰੂਰਤਾਂ ਅਨੁਸਾਰ ਕੋਈ ਵਿਘਨ ਨਾ ਪਾਉਣ ਵਾਲੇ ਕਪੜੇ ਬਣਾਉਣੇ।

☐ **ਵਿਸ਼ੇਸ਼ ਉਪਕਰਣ ਅਤੇ ਸਪਲਾਈਆਂ** – ਜਿਹੜੇ ਜ਼ਰੂਰੀ ਉਪਕਰਣ ਅਤੇ ਸਪਲਾਈਆਂ Medicaid (Apple Care) ਹੇਠ ਉਪਲਬਧ ਨਹੀਂ ਹਨ, ਇਸ ਵਿੱਚ ਥਿਰੈਪਟਿਕ ਜਾਂ ਉਸਾਰੂ ਵਿਹਾਰ ਸਬੰਧੀ ਸਹਾਇਤਾ ਪਲਾਨ ਲਾਗੂ ਕਰਨ ਲਈ ਲੋੜੀਂਦੇ ਉਪਕਰਣ ਅਤੇ ਸਪਲਾਈਆਂ ਸ਼ਾਮਿਲ ਹਨ।

☐ **ਥਿਰੈਪਟਿਕ ਦੇ ਹਿਸਾਬ ਨਾਲ ਅਨੁਕੂਲ ਬਣਾਉਣਾ** –ਦਬਾਅ ਪਾਉਣ ਵਾਲੇ ਕਾਰਕ ਘਟਾਉਣ ਜਾਂ ਖ਼ਤਮ ਕਰਨ ਲਈ ਘਰ ਦੇ ਆਲੇ-ਦੁਆਲੇ ਵਿੱਚ ਸੁਧਾਰ ਕਰਨੇ।

☐ **ਗੱਡੀ ਵਿੱਚ ਸੁਧਾਰ ਕਰਨੇ** – ਗੱਡੀ ਵਿੱਚ ਸੁਧਾਰ ਕਰਨੇ, ਜੋ ਭਾਈਚਾਰੇ ਦੇ ਏਕੀਕਰਣ ਲਈ ਜ਼ਰੂਰਤਾਂ ਅਤੇ ਸਹਾਇਤਾ ਨੂੰ ਪੂਰੇ ਕਰਦੇ ਹਨ।

☐ **ਭਲਾਈ ਸਬੰਧੀ ਸਿੱਖਿਆ** – ਸਿਹਤ-ਸਬੰਧੀ ਮੁੱਦਿਆਂ ਦਾ ਪ੍ਰਬੰਧ ਕਰਨ ਅਤੇ ਭਲਾਈ ਸਬੰਧੀ ਟੀਚੇ ਹਾਸਿਲ ਕਰਨ ਲਈ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਮਹੀਨੇਵਾਰ, ਵਿਅਕਤੀਗਤ ਤੌਰ 'ਤੇ ਛਾਪੀ ਗਈ ਵਿਦਿਅਕ ਚਿੱਠੀ।

